## ਭਗਤ ਰਵਿਦਾਸ - ਸਬਦ ੬

### ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥

### ਰਾਗੁ ਗਉੜੀ ਪੂਰਬੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੩੪੬

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥
ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥
ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥
ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥

ਸਾਰ: ਇਕ ਸੀਮਤ ਧਾਰਨਾ ਆਪਣਾ ਛੋਟਾ ਜਿਹਾ ਸੰਸਾਰ ਸਿਰਜਦੀ ਹੈ। ਜਿਨ੍ਹਾਂ ਪਰਸਥਿਤੀਆਂ ਦਾ ਅਸੀਂ ਵਾਰ-ਵਾਰ ਸਾਹਮਣਾ ਕਰਦੇ ਹਾਂ, ਉਹ ਉਸ ਵਸਤ ਦੀਆਂ ਸੀਮਾਵਾਂ ਨਿਰਧਾਰਤ ਕਰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਸੰਭਵਤਾ ਦੇ ਦਾਇਰੇ ਵਿਚ ਰੱਖਦੇ ਹਾਂ, ਅਤੇ ਫਿਰ ਇਨ੍ਹਾਂ ਨੂੰ ਅਸੀਂ ਹਕੀਕਤ ਵਜੋਂ ਮਾਨਤਾ ਦਿੰਦੇ ਹਾਂ। ਰੋਜ਼ਮਰਾ ਜੀਵਨ ਦਾ ਸੁਖਚੈਨ ਸਾਡੇ ਦ੍ਰਿਸ਼ਟੀਕੋਣ ਨੂੰ ਸੀਮਤ ਕਰ ਸਕਦਾ ਹੈ, ਸਾਡੀ ਅਸੰਤੁਸ਼ਟੀ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ ਅਤੇ ਸੰਤੋਖ ਪ੍ਰਾਪਤੀ ਦੀ ਸਾਡੀ ਚਾਹ ਨੂੰ ਕਮਜ਼ੋਰ ਕਰ ਸਕਦਾ ਹੈ। ਅਸੀਂ ਅਕਸਰ ਜਾਣਕਾਰੀ ਨੂੰ ਸੱਚਾਈ ਨਾਲ, ਸਾਂਝੀਵਾਲਤਾ ਨੂੰ ਸੰਪੂਰਨਤਾ ਨਾਲ, ਅਤੇ ਲਗਾਵ ਨੂੰ ਸ਼ਰਧਾ ਨਾਲ ਉਲਝਾਉਂਦੇ ਹਾਂ। ਗਿਆਤ ਵਸਤਾਂ ਨਾਲ ਜੁੜੇ ਰਹਿਣ ਦੀ ਇਹ ਪ੍ਰਵਿਰਤੀ ਜਾਗਰੂਕਤਾ ਦੀ ਘਾਟ ਹੈ, ਨਾ ਕਿ ਬੁੱਧ ਦੀ। ਜਿਸ ਪਲ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਸਾਡੇ ਵਿਚਾਰ ਸਿਰਫ਼ ਇਕ ਦ੍ਰਿਸ਼ਟੀਕੋਣ ਹਨ, ਪੂਰਨ ਸੱਚ ਨਹੀਂ, ਸਾਡੇ ਮਨ ਦਾ ਪਸਾਰ ਸ਼ੁਰੂ ਹੋ ਜਾਂਦਾ ਹੈ। ਧਾਰਨਾ ਦਾ ਇਹ ਪਸਾਰ ਸਾਨੂੰ ਮੁਕਤੀ ਦੀ ਗੂੜ੍ਹ ਭਾਵਨਾ ਦਾ ਅਹਿਸਾਸ ਕਰਵਾਉਂਦਾ ਹੈ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥

ਜਿਵੇਂ ਡੂੰਘੇ ਖੂਹ ਵਿਚ ਫਸਿਆ ਡੱਡੂ ਆਪਣੇ ਘਰ ਅਤੇ ਇਸ ਤੋਂ ਪਰੇ ਦੇ ਸੰਸਾਰ ਨੂੰ ਸਮਝਣ ਵਿਚ ਅਸਮਰੱਥ ਹੁੰਦਾ ਹੈ, ਇਹ ਸੀਮਤ ਧਾਰਨਾ ਦੀ ਸਥਿਤੀ ਨੂੰ ਦਰਸਾਉਂਦਾ ਹੈ, ਜੋ ਕਿ ਆਦਤਨ ਪਰਸਥਿਤੀਆਂ ਕਾਰਣ ਸੀਮਤ ਹੈ, ਜੋ ਆਪਣੇ ਅਨੁਭਵ ਤੋਂ ਪਰੇ ਵਿਸ਼ਾਲ ਸੰਦਰਭ ਨੂੰ ਸਮਝਣ ਵਿਚ ਅਸਮਰੱਥ ਹੈ।

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥

ਇਸੇ ਤਰ੍ਹਾਂ, ਇੰਦ੍ਰਿਆਵੀ ਭਟਕਣਾਵਾਂ ਵਿਚ ਫਸਿਆ ਮਨ ਨੇੜੇ ਅਤੇ ਦੂਰ ਦੀ ਕਿਸੇ ਵੀ ਗੁੰਜਾਇਸ਼ ਨੂੰ ਸਮਝਣ ਵਿਚ ਅਸਮਰੱਥ ਹੁੰਦਾ ਹੈ। ਇਹ ਦਰਸਾਉਂਦਾ ਹੈ ਕਿ ਕਿਵੇਂ ਸਾਡੀ ਜਟਿਲ ਮਨੋਬਿਰਤੀ ਨਾਲ ਪਾਇਆ ਮੋਹ ਬਿਬੇਕ ਨੂੰ ਧੁੰਦਲਾ ਕਰਦਾ ਹੈ, ਅਸਲੀਅਤ ਕੀ ਹੈ ਅਤੇ ਕੀ ਭਰਮ ਹੈ ਇਸ ਬਾਰੇ ਜਾਗਰੂਕਤਾ ਨੂੰ ਸੀਮਤ ਕਰਦਾ ਹੈ। (੧)

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥

ਹੋਂਦ ਦੇ ਸਾਰੇ ਖੰਡਾਂ ਦਾ ਪ੍ਰਗਟਾਵ, ਹੇ ਸਰਬ-ਵਿਆਪੀ ਹਾਜ਼ਰਤਾ, ਸਪੱਸ਼ਟਤਾ ਦੇ ਇਕ ਪਲ ਦੀ ਆਗਿਆ ਦਿਓ, ਇਹ ਦ੍ਰਿਸ਼ਟੀਕੋਣ ਰੁਪਾਂਤ੍ਰਣ ਨੂੰ ਉਤਸ਼ਾਹਿਤ ਕਰਦਾ ਹੈ, ਇਹ ਦਰਸਾਉਂਦਾ ਹੈ ਕਿ ਨਾ ਮਾਤਰ ਚਿੰਤਨ ਵੀ ਜਾਗਰੂਕਤਾ ਨੂੰ ਖੰਡਿਤ ਸੋਚ ਤੋਂ ਵਿਸ਼ਵਵਿਆਪੀ ਅੰਤਰਸੰਬੰਧਿਤਾ ਵੱਲ ਸੇਧਿਤ ਕਰ ਸਕਦਾ ਹੈ। (੧)(ਠਹਿਰਾਉ)

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥

ਹੇ ਪਿਆਰੀ ਜਾਗਰੂਕਤਾ ਬੁਧ ਜਦੋਂ ਮੈਲ ਨਾਲ ,ਭਰੀ ਹੁੰਦੀ ਹੈ, ਤਾਂ ਉਹ ਸਾਡੇ ਮੂਲ ਸੁਭਾਅ ਨੂੰ ਨਹੀਂ ਸਮਝ ਸਕਦੀ। ਇਸਦਾ ਅਰਥ ਹੈ ਕਿ ਦਵੈਤ ਨਾਲ ਭਰਿਆ ਮਨ ਸਰਵ ਵਿਆਪਕ ਚੇਤਨਾ ਦੇ ਤੱਤਸਾਰ ਨੂੰ ਨਹੀਂ ਸਮਝ ਸਕਦਾ।

ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥

ਦਿਆਲਤਾ ਨੂੰ ਧਾਰਨ ਕਰੋ, ਅਤੇ ਭਰਮ ਨੂੰ ਦੂਰ ਹੋਣ ਦਿਓ; ਅਜਿਹਾ ਕਰਨ ਨਾਲ, ਮੈਂ ਨੇਕ ਇਰਾਦੇ ਸਿਰਜਤ ਕਰਦਾ ਹਾਂ ਅਤੇ ਆਪਣੀ ਸੂਝ ਨੂੰ ਵਧਾਉਂਦਾ ਹਾਂ। ਇਹ ਪ੍ਰਕਿਰਿਆ ਕੀਮਤੀ ਅੰਤਰਦ੍ਰਿਸ਼ਟੀਆਂ ਨੂੰ ਪ੍ਰਗਟ ਕਰਦੀ ਹੈ ਜੋ ਧਿਆਨ ਨਾਲ ਸਵੈ-ਚਿੰਤਨ ਤੋਂ ਪੈਦਾ ਹੁੰਦੀਆਂ ਹਨ। (੨)

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥

ਤਪੱਸਿਆ ਅਤੇ ਤਿਆਗ ਦੇ ਧਾਰਨੀ ਹੋਣ ਦੇ ਬਾਵਜੂਦ, ਉਹ ਸਰਵ ਵਿਆਪਕ ਹਕੀਕਤ ਦੇ ਬੇਅੰਤ ਗੁਣਾਂ ਨੂੰ ਬਿਆਨ ਨਹੀਂ ਕਰ ਸਕਦੇ। ਇਹ ਹਕੀਕਤ ਇਸ ਵਿਸ਼ਵਾਸ ਨੂੰ ਚੁਣੌਤੀ ਦਿੰਦੀ ਹੈ ਕਿ ਰੂਹਾਨੀ ਪ੍ਰਾਪਤੀ ਸਿਰਫ਼ ਮਰਿਯਾਦਾ, ਬੁੱਧ, ਤਿਆਗ, ਜਾਂ ਸਮਾਜਿਕ ਰੁਤਬੇ 'ਤੇ ਨਿਰਭਰ ਕਰਦੀ ਹੈ।

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥

ਇਹ ਸਭ ਕੁਝ ਸਰਵ ਵਿਆਪਕ ਪ੍ਰੇਮ ਪ੍ਰਤੀ ਸਮਰਪਿਤ ਕਰਮਾਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ, ਚਮੜ੍ਹ ਦੀ ਕਿਰਤ ਕਰਨ ਵਾਲੇ ਰਵਿਦਾਸ ਕਹਿੰਦੇ ਹਨ। ਨਿਮਰਤਾ ਅਤੇ ਏਕਤਾ ਦੀ ਇਹ ਪਦ-ਪਦਵੀ ਅਗਿਆਤ ਨੂੰ ਜਾਣਨ ਨਾਲ ਪ੍ਰਾਪਤ ਹੁੰਦੀ ਹੈ ਨਾ ਕਿ ਰੁਤਬੇ ਜਾਂ ਸੰਸਾਰੀ ਵਿਦਿਆ ਰਾਹੀਂ। (੩)(੧)

ਤੱਤ: ਭਗਤ ਰਵਿਦਾਸ ਦਾਅਵਾ ਕਰਦੇ ਹਨ ਕਿ ਹੋਂਦ ਦੀ ਸੱਚੀ ਸੂਝ ਰਸਮੀਂ ਕਰਮ-ਕਾਂਡਾਂ, ਤਪੱਸਿਆ ਜਾਂ ਤਿਆਗ ਤੋਂ ਪਰੇ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਸਪਸ਼ਟਤਾ ਜੀਵਨ ਨੂੰ ਅੰਤਰੀਵੀ ਕੋਮਲਤਾ ਨੂੰ ਧਾਰਨ ਕਰਨ ਨਾਲ ਉਭਰਦੀ ਹੈ ਜੋ ਉਲਝਣਾਂ ਦੇ ਕਾਰਨਾਂ ਨੂੰ ਕੁਦਰਤੀ ਤੌਰ 'ਤੇ ਉਜਾਗਰ ਕਰਨ ਦੀ ਆਗਿਆ ਦਿੰਦੀ ਹੈ। ਸਰਵਵਿਆਪਕਤਾ ਨੂੰ ਅਪਣਾਉਣ ਅਤੇ ਗ੍ਰਹਿਣ ਕਰਨ ਦੀ ਇਹ ਇੱਛਾ ਧਾਰਨਾਵਾਂ ਨੂੰ ਵਿਸ਼ਾਲ ਕਰ ਸਕਦੀ ਹੈ, ਇਹ ਪ੍ਰਗਟ ਕਰਦੀ ਹੈ ਕਿ ਜੋ ਦੂਰ ਜਾਪਦਾ ਸੀ ਉਹ ਹਮੇਸ਼ਾ ਅੰਦਰ ਹਾਜ਼ਰ ਸੀ। ਇਹ ਰੁਪਾਂਤ੍ਰਣ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਚਿੰਤਨ ਦਾ ਇਕ ਛੋਟਾ ਜਿਹਾ ਪਲ ਵੀ ਸਾਡੇ ਖੰਡਿਤ ਦ੍ਰਿਸ਼ਟੀਕੋਣ ਨੂੰ ਵਿਸ਼ਵਵਿਆਪੀ ਅੰਤਰਸੰਬੰਧਿਤਾ ਦੀ ਸੂਝ ਵਿਚ ਮੁੜ-ਸੁਰਜੀਤ ਕਰ ਸਕਦਾ ਹੈ, ਜੋ ਪਦ-ਪਦਵੀਆਂ ਜਾਂ ਯੋਗਤਾਵਾਂ 'ਤੇ ਨਿਰਭਰ ਕਰਨ ਦੀ ਬਜਾਏ, ਜਾਗਰੂਕਤਾ ਦੇ ਮਾਰਗ ;ਤੇ ਚਲਣ ਲਈ ਨਿਮਰਤਾ ਅਤੇ ਏਕਤਾ 'ਤੇ ਜ਼ੋਰ ਦਿੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**